## ਪਾਰਟਨਰ ਏਜੰਸੀਆਂ

- African Canadian Social Development Council
  (416) 658-5100
- Alexandra Park Community Centre
  (416) 603-9603
- Alexandra Park Neighbourhood Learning Centre
  (416) 591-7384
- Atkinson Co-op
  (416) 504-6993
- Canadian Race Relations Foundation
  (416) 952-3500
- Canadian Arab Federation
  (416) 493-8635
- Community Social Planning Council of Toronto
  (416) 351-0095
- Co-operative Housing Federation of Toronto
  (416) 465-8688
- Council of Agencies Serving South Asians
  (416) 979-8611
- Davenport-Perth Neighbourhood Centre
  (416) 656-8025
- Delta Family Resource Centre
  (416) 747-1172
- Eastview Community Neighbourhood Centre
  (416) 393-6354
- Fort York Food Bank
  (416) 203-3011
- Hispanic Development Council
  (416) 516-0851
- Hong Fook Mental Health Association
  (416) 493-4242
- Jamaican Canadian Association
  (416) 746-5772
- Jane Finch Community Legal Services
  (416) 398-0677
- Jane/Finch Concerned Citizens Organization
  (416) 880-2870
- Justice for Children and Youth
  (416) 920-1633
- Kensington-Bellwoods Community Legal Services
  (416) 924-4244
- Midaynta Association of Somali Serving Agencies
  (416) 544-1992
- NEW Experiences for Newcomer Women
  (416) 469-0196
- Ontario Council of Agencies Serving Immigrants
  (416) 322-4950
- Regent Park Neighbourhood Initiative
  (416) 981-6738
- Scadding Court Community Centre
  (416) 392-0335
- Schizophrenia Society of Ontario
  (416) 449-6830
- South Asian Family Support Services
  (416) 431-4847
- South Asian Legal Clinic of Ontario
  (416) 542-9146
- South Asian Women's Centre
  (416) 537-2276
- St. Christopher House
  (416) 848-7980
- St. Stephen's Community House
  (416) 925-2103
- Street Health
  (416) 921-8668
- The 519 Church Street Community Centre
  (416) 392-6878
- Toronto Community Housing
  (416) 981-5500
- Toronto Police Accountability Coalition
  (416) 977-5097
- Toronto Police Service
  (416) 808-2800
- YMCA Youth Intervention and Outreach Services
  (416) 504-1710

The Law Foundation of Ontario
Scadding Court Community Centre
Toronto
Toronto Community Housing
Canadian Heritage Patrimoine canadien
Canada

# ਪੁਲਿਸ ਵਿਰੁੱਧ ਸ਼ਿਕਾਇਤ ਕਰਨ ਦਾ ਤਰੀਕਾ

# CEAPC

**COMMUNITY EDUCATION & ACCESS TO POLICE COMPLAINTS DEMONSTRATION PROJECT**

Scadding Court Community Centre

Language: Punjabi

## ਸੀ ਈ ਏ ਪੀ ਸੀ (CEAPC) ਨਾਲ ਜਾਣ ਪਛਾਣ

ਕਮਯੂਨਿਟੀ ਐਜੁਕੇਸ਼ਨ ਐਂਡ ਐਕਸੇਸ ਟੂ ਪੁਲਿਸ ਕੰਮਪਲੇਂਟਸ ਡੇਮੋਂਨਟਰੇਸ਼ਨ ਪਰਾਜੈਕਟ (**CEAPC**) ਦਾ ਉਦੇਸ਼ ਇਹ ਪੱਕਾ ਕਰਨਾ ਹੈ ਕਿ ਪੁਲਿਸ ਬਾਰੇ ਸ਼ਿਕਾਇਤਾਂ ਦਾ ਸਿਸਟਮ ਸਮਾਜ ਦੀਆਂ ਖਾਸ ਲੋੜਾਂ ਲਈ ਪਹੁੰਚਣਯੋਗ ਅਤੇ ਉਪਲਬਧ ਹੈ ਅਤੇ ਨਾਲ ਹੀ ਸਿੱਖਿਆ ਦੇ ਮੌਕੇ ਪਰਦਾਨ ਕਰ ਰਿਹਾ ਹੈ।

ਸਾਡੇ ਕੋਲ **33** ਕਮਯੂਨਿਟੀ ਪਾਰਟਨਰ ਹਨ ਜੋ ਕਿ ਇਸ ਤਰ੍ਹਾਂ ਸਾਨੂੰ ਇਸ ਉਦੇਸ਼ ਨੂੰ ਪਰਾਪਤ ਕਰਨ ਵਿੱਚ ਸਹਾਇਤਾ ਕਰਨਗੇ :

- ਤੁਹਾਨੂੰ ਪੁਲਿਸ ਵਿਰੁੱਧ ਸ਼ਿਕਾਇਤ ਕਰਨ ਦੇ ਤਰੀਕੇ (ਪੁਲਿਸ ਕੰਮਪਲੇਂਟਸ ਪਰੋਸੈਸ) ਬਾਰੇ ਹੋਰ ਜਿਆਦਾ ਸਿੱਖਣ ਵਿੱਚ ਮਦਦ ਕਰਕੇ
- ਸਮਾਜ ਵਿੱਚ ਅਧਾਰਤ ਵਾਤਾਵਰਨ ਵਿੱਚ ਤੁਹਾਨੂੰ ਸ਼ਿਕਾਇਤ ਦਰਜ ਕਰਵਾਉਣ ਵਿੱਚ ਸਹਾਇਤਾ ਕਰਕੇ
- ਲੋੜ ਪੈਣ ਤੇ ਤੁਹਾਡੇ ਲਈ ਭਾਸ਼ਾਈ ਵਿਆਖਿਆ (ਇੰਟਰਪਰੇਟੇਸ਼ਨ) ਦਾ ਪਰਬੰਧ ਕਰਕੇ
- ਤੁਹਾਡੀਆਂ ਸੁਰੱਖਿਆ ਸੰਬੰਧੀ ਚਿੰਤਾਵਾਂ ਨਾਲ ਕੰਮ ਕਰਕੇ
- ਤੁਹਾਡੇ ਕਾਨੂੰਨੀ ਹੱਕਾਂ ਬਾਰੇ ਸਿੱਖਿਆ ਦੇ ਮੌਕਿਆਂ ਦਾ ਪਰਬੰਧ ਕਰਕੇ
- ਸਮਾਜਾਂ (ਕਮਯੂਨਿਟੀਆਂ) ਅਤੇ ਪੁਲਿਸ ਵਿਚਕਾਰ ਪੁਲਾਂ ਦਾ ਨਿਰਮਾਣ ਕਰਕੇ

## ਪੁਲਿਸ ਵਿਰੁੱਧ ਸ਼ਿਕਾਇਤ ਕੀ ਹੈ ?

ਪੁਲਿਸ ਵਿਰੁੱਧ ਸ਼ਿਕਾਇਤਾਂ ਦਾ ਵਰਗੀਕਰਨ ਤਿੰਨ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ :

1. **ਸੇਵਾ ਸੰਬੰਧੀ ਸ਼ਿਕਾਇਤ** - "ਪੁਲਿਸ ਨੂੰ ਮੇਰੇ ਫੋਨ ਕਰਨ ਤੋਂ ਬਾਦ ਉਨ੍ਹਾਂ ਨੂੰ ਮੇਰੇ ਘਰ ਆਉਣ ਵਾਸਤੇ ਇੰਨੀ ਦੇਰ ਕਿਉਂ ਲੱਗੀ?"
2. **ਵਿਹਾਰ ਵਿਧੀ (ਪਾਲਸੀ) ਸੰਬੰਧੀ ਸ਼ਿਕਾਇਤ** - "ਜਦੋਂ ਮੈਂ ਆਪਣੇ ਬੱਚੇ ਸੰਬੰਧੀ ਗੁੰਮ ਹੋ ਜਾਣ (ਮਿਸਿੰਗ ਪਰਸਨਜ਼) ਦੀ ਰਿਪੋਰਟ ਦਰਜ਼ ਕਰਵਾਉਂਦੀ/ਦਾ ਹਾਂ ਤਾਂ ਪੁਲਿਸ ਦੀ ਮੇਰੇ ਘਰ ਦੀ ਤਲਾਸ਼ੀ ਲੈਣ ਦੀ ਪਾਲਸੀ ਕਿਉਂ ਹੈ?"
3. **ਪੁਲਿਸ ਦੇ ਵਤੀਰੇ ਸੰਬੰਧੀ ਸ਼ਿਕਾਇਤ** -ਇਸ ਕਿਸਮ ਦੀ ਸ਼ਿਕਾਇਤ ਇੱਕ ਪੁਲਿਸ ਅਫਸਰ ਦੇ ਵਤੀਰੇ ਨਾਲ ਸੰਬੰਧਤ ਹੈ। ਇਹ ਤੁਹਾਨੂੰ ਆਪਣੇ ਸ਼ਬਦਾਂ ਵਿੱਚ ਵਿਸਤਾਰ ਨਾਲ ਇਹ ਸਮਝਾਉਣ ਦਿੰਦੀ ਹੈ ਕਿ ਤੁਸੀਂ ਅਫਸਰ/ਰਾਂ ਦੇ ਵਤੀਰੇ ਨਾਲ ਕਿਉਂ ਨਰਾਜ਼ ਹੋਏ।

## ਸ਼ਿਕਾਇਤ ਕਰਨਾ

ਸ਼ਿਕਾਇਤ ਕਰਨ ਦੇ ਮੁੱਖ ਨੁਕਤਿਆਂ ਵਿੱਚ ਸ਼ਾਮਲ ਹਨ:

- ਸ਼ਿਕਾਇਤ ਦਰਜ ਕਰਵਾਉਣ ਲਈ ਜ਼ਰੂਰੀ ਹੈ ਕਿ ਤੁਸੀਂ ਵਾਪਰੀ ਘਟਨਾ ਦੁਆਰਾ **ਸਿੱਧੇ ਤੌਰ ਉੱਤੇ ਪਰਭਾਵਤ ਹੋਏ ਹੋਵੋ।**
- ਉਹ ਸ਼ਿਕਾਇਤ ਦਾ ਕਾਰਨ ਬਣੀ ਘਟਨਾ ਦੇ **6 ਮਹੀਨੇ** ਦੇ ਅੰਦਰ ਦਰਜ ਕਰਵਾਈ ਜਾਣੀ ਚਾਹੀਦੀ ਹੈ।
- ਉਹ **ਲਿਖਤੀ ਰੂਪ** ਵਿੱਚ ਹੋਣੀ ਚਾਹੀਦੀ ਹੈ। ਅਸੀਂ ਤੁਹਾਨੂੰ ਸ਼ਿਕਾਇਤ ਲਿਖੱਣ ਵਿੱਚ ਸਹਾਇਤਾ ਕਰ ਸਕਦੇ ਹਾਂ ਪਰ ਤੁਹਾਡੇ ਲਈ ਉਸ ਉੱਤੇ ਹਸਤਾਖਰ ਕਰਨਾ ਜ਼ਰੂਰੀ ਹੈ।

**ਅਫਸਰ ਦਾ ਬਿੱਲਾ(ਬੈਜ) ਨੰਬਰ ਅਤੇ ਨਾਮ** ਹੋਣਾ ਜ਼ਰੂਰੀ ਹੈ। ਇਹ ਜਾਣਕਾਰੀ ਮੰਗਣਾ ਤੁਹਾਡਾ ਹੱਕ ਹੈ। ਇਹ ਲਿਖਣਾ ਵੀ ਯਾਦ ਰੱਖੋ:

- ਅਫਸਰ ਦਾ ਸਰੀਰਕ ਵਰਨਨ
- ਘਟਨਾ ਦਾ ਸਮਾਂ, ਮਿਤੀ ਅਤੇ ਥਾਂ
- ਕੋਈ ਵੀ ਗਵਾਹਾਂ ਦੇ ਨਾਮ ਅਤੇ ਸੰਪਰਕ ਸੰਬੰਧੀ ਜਾਣਕਾਰੀ
- ਤੁਹਾਡੇ, ਪੁਲਿਸ ਜਾਂ ਹੋਰ ਕਿਸੇ ਵੀ ਸ਼ਾਮਲ ਵਿਅਕਤੀ ਦੁਆਰਾ ਕੀ ਕਿਹਾ ਅਤੇ ਕੀਤਾ ਗਿਆ

ਤੁਸੀਂ ਆਪਣੀ ਸ਼ਿਕਾਇਤ ਸਕੈਡਿੰਗ ਕੋਰਟ ਕਮਯੂਨਿਟੀ ਸੈਂਟਰ ਜਾਂ ਸਾਡੇ ਪਰਾਜੈਕਟ ਪਾਰਟਨਰਾਂ ਵਿੱਚੋਂ ਇੱਕ (ਪਿੱਛੇ ਸੂਚੀਬੱਧ ਕੀਤੇ ਗਏ) ਰਾਹੀਂ ਦਰਜ ਕਰਵਾ ਸਕਦੇ ਹੋ ਜਾਂ ਤੁਸੀਂ ਹੇਠਾਂ ਦਿੱਤੀਆਂ ਸਾਇਟਾਂ ਉੱਤੇ ਜਾ ਕੇ ਆਨਲਾਇਨ ਫਾਰਮ ਭਰ ਸਕਦੇ ਹੋ:

www.scaddingcourt.org
www.torontopolice.on.ca
www.occps.on.ca

## ਤੁਹਾਡੇ ਸ਼ਿਕਾਇਤ ਦਰਜ਼ ਕਰਵਾਉਣ ਤੋਂ ਬਾਦ

ਤੁਹਾਡੇ ਸ਼ਿਕਾਇਤ ਦਰਜ਼ ਕਰਵਾਉਣ ਤੋਂ ਬਾਦ ਉਸ ਨੂੰ ਚੀਫ ਆਫ ਪੁਲਿਸ ਨੂੰ ਭੇਜ ਦਿੱਤਾ ਜਾਏਗਾ। ਚੀਫ ਕੋਲ ਇਹ ਨਿਰਨਾ ਕਰਨ ਲਈ 30 ਦਿਨ ਹਨ ਕਿ ਘਟਨਾ ਨੂੰ ਹੋਰ ਛਾਣਬੀਨ ਦੀ ਲੋੜ ਹੈ ਜਾਂ ਨਹੀਂ। ਤੁਹਾਨੂੰ ਇਸ ਫੈਸਲੇ ਦਾ ਲਿਖਤੀ ਨੋਟਿਸ ਪਰਾਪਤ ਹੋਏਗਾ। ਜੇ ਤੁਸੀਂ ਚੀਫ ਦੇ ਫੈਸਲੇ ਨਾਲ ਨਾਖੁਸ਼ ਹੋ ਤਾਂ ਵਾਪਸ ਆ ਕੇ ਸਾਨੂੰ ਆਪਣੀਆਂ ਚੋਣਾਂ ਬਾਰੇ ਮਿਲੋ, ਜਿਵੇਂ ਕਿ ਉਨਟਾਰਿਓ ਸਿਵਿਲਿਅਨ ਕਮੀਸ਼ਨ ਆਨ ਪੁਲਿਸ ਸਰਵਿਸਿਜ਼ (Ontario Civilian Commission on Police Services)(OCCPS) ਨੂੰ ਅਪੀਲ, ਜਿਸ ਨੂੰ ਤੁਸੀਂ (416)-326- 1189 ਜਾਂ ਟੋਲ ਫਰੀ 1-888- 515– 5005 ਉੱਤੇ ਫੋਨ ਕਰ ਸਕਦੇ ਹੋ।

## ਸ਼ਿਕਾਇਤ ਦਰਜ ਕਰਵਾਉਣ ਦੀ ਮਹੱਤਤਾ

ਜਦੋਂ ਤੁਸੀਂ ਸ਼ਿਕਾਇਤ ਦਰਜ ਕਰਵਾਉਂਦੇ ਹੋ ਤਾਂ ਉਹ ਉਸ ਅਫਸਰ ਦੇ ਰਿਕਾਰਡ ਵਿੱਚ ਸ਼ਾਮਲ ਹੋ ਜਾਂਦੀ ਹੈ। ਜੇ ਅਫਸਰ ਦਾ ਅਯੋਗ ਵਰਤਾ ਜਾਰੀ ਰਹਿੰਦਾ ਹੈ ਅਤੇ ਹੋਰ ਸ਼ਿਕਾਇਤਾਂ ਦੇ ਪਰਮਾਣ ਇਕੱਠੇ ਹੁੰਦੇ ਹਨ, ਉਸ ਅਫਸਰ ਦੇ ਖਿਲਾਫ ਕੇਸ ਹੋਰ ਤਕੜਾ ਹੁੰਦਾ ਹੈ। ਭਵਿਸ਼ ਵਿੱਚ ਵੀ ਜੇ ਅਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਤੁਹਾਡੇ ਕੋਲ ਵੀ ਅਪਣੀ ਸੁਰੱਖਿਆ ਦੀ ਹਿਮਾਇਤ ਕਰਨ ਵਾਸਤੇ ਲਿਖਤੀ ਰਿਕਾਰਡ ਹੋਏਗਾ।

### ਹੋਰ ਜਾਣਕਾਰੀ ਲਈ ਸੰਪਰਕ ਕਰੋ

**ਲੈਲਾ ਜ਼ ਸਾਰੰਗੀ**
**ਪਰਾਜੈਕਟ ਕੋਆਰਡੀਨੇਟਰ**
ਸਕੈਡਿੰਗ ਕੋਰਟ ਕਮਯੂਨਿਟੀ ਸੈਂਟਰ
707 ਡਨਡਾਸ ਸਟ੍ਰੀਟ ਵੈਸਟ
ਟੋਰਾਂਟੋ, ਉਨਟਾਰਿਓ ਐਮ5ਟੀ 2ਡਬਲਿਯੂ6

**ਫੋਨ: (416) – 392 – 0335 x 233**
**ਫੈਕਸ : (416) – 392 – 0340**
**ਈਮੇਲ:** lsarangi@scaddingcourt.org
www.scaddingcourt.org